

**Long-Term Care Home Update** | *Community Newsletter* | Lakeridge Health

**ਜੂਨ 2021**

## ਯਾਦਗਾਰੀ ਛੇ ਮਹੀਨੇ

ਅਸੀਂ ਇਸ ਨਵੇਂ ਲੰਮੀ ਮਿਆਦ ਦੇ ਕੇਅਰ ਹੋਮ ਦੇ ਛੇ ਮਹੀਨੇ ਪੂਰੇ ਹੋਣ ਦਾ ਜਸ਼ਨ ਮਨਾਉਣ ਲਈ ਉਤਸ਼ਾਹਿਤ ਹਾਂ, ਜੋ ਇਸ ਵੇਲੇ Ajax Pickering Hospital ਦੇ ਨਾਲ ਨਿਰਮਾਣ ਅਧੀਨ ਹੈ। ਇਸ ਮਹੱਤਵਪੂਰਨ ਘਟਨਾ ਨੂੰ ਚਿੰਨ੍ਹਿਤ ਕਰਨ ਲਈ, ਅਸੀਂ ਪਿਛਲੇ ਕੁਝ ਮਹੀਨਿਆਂ ਦੌਰਾਨ ਕੀਤੀ ਸ਼ਾਨਦਾਰ ਪ੍ਰਗਤੀ 'ਤੇ ਵਿਚਾਰ ਕਰ ਰਹੇ ਹਾਂ।

- **ਜੁਲਾਈ 2020:** ਪਿਛਲੇ ਸਾਲ ਜੁਲਾਈ ਵਿੱਚ, ਓਨਟੈਰੀਓ ਦੀ ਸਰਕਾਰ ਨੇ ਐਲਾਨ ਕੀਤਾ ਸੀ ਕਿ ਐਕਸੀਲਰੇਟਿਡ ਬਿਲਡ ਪਾਇਲਟ ਪ੍ਰੋਗਰਾਮ (Accelerated Build Pilot Program) ਦੇ ਹਿੱਸੇ ਵਜੋਂ Lakeridge Health ਦੇ Ajax Pickering Hospital ਦੀ ਸਾਈਟ 'ਤੇ ਇੱਕ ਨਵਾਂ ਲੰਮੀ ਮਿਆਦ ਦਾ ਕੇਅਰ ਹੋਮ ਬਣਾਇਆ ਜਾਵੇਗਾ। ਇਸ ਪ੍ਰੋਗਰਾਮ ਨਾਲ ਨਵੇਂ ਹੋਮ ਨੂੰ ਸਾਲਾਂ ਵਿੱਚ ਨਹੀਂ ਬਲਕਿ ਮਹੀਨਿਆਂ ਵਿੱਚ ਬਣਾਇਆ ਜਾ ਸਕਦਾ ਹੈ, ਤਾਂ ਜੋ Durham Region ਵਿੱਚ ਬਹੁਤ ਜ਼ਿਆਦਾ ਲੋੜੀਂਦੇ 320 ਲੰਮੀ ਮਿਆਦ ਦੇ ਦੇਖਭਾਲ ਬੈੱਡਾਂ ਨੂੰ ਰਵਾਇਤੀ ਉਸਾਰੀ ਦੇ ਮੁਕਾਬਲੇ ਵਧੇਰੇ ਤੇਜ਼ੀ ਨਾਲ ਤਿਆਰ ਕੀਤਾ ਜਾ ਸਕੇ।



*Premier Ford ਨੇ Ajax ਵਿੱਚ Lakeridge Health ਦੇ ਬੋਰਡ ਆਫ਼ ਟਰਸਟੀਜ਼ ਦੀ ਚੇਅਰਮੈਨ, Sharon Cochran, ਮਿਨਿਸਟਰ Peter Bethlenfalvy, ਮਿਨਿਸਟਰ Rod Phillips ਅਤੇ ਮਿਨਿਸਟਰ Merrilee Fullerton ਦੇ ਨਾਲ ਨਵੀਂ ਉਸਾਰੀ ਦਾ ਐਲਾਨ ਕੀਤਾ*

- **ਜਨਵਰੀ 2021:** ਕਰਮਚਾਰੀਆਂ ਨੇ ਸਾਈਟ 'ਤੇ ਜ਼ਮੀਨ ਨੂੰ ਪੁੱਟ ਕੇ ਰਸਮੀ ਤੌਰ 'ਤੇ ਉਸਾਰੀ ਨੂੰ ਸ਼ੁਰੂ ਕੀਤਾ।
- **ਫਰਵਰੀ 2021:** ਜਨਵਰੀ ਅਤੇ ਫਰਵਰੀ ਦੇ ਦੌਰਾਨ, ਉਸਾਰੀ ਟੀਮ ਨੇ ਇਮਾਰਤ ਦੀ ਨੀਂਹ ਵਿੱਚ ਕੰਕਰੀਟ ਪਾਉਣ ਅਤੇ ਸਹੂਲਤਾਂ ਸੇਵਾਵਾਂ ਦੀ ਸਥਾਪਨਾ ਸਮੇਤ, ਆਪਣੀ ਖੁਦਾਈ ਨੂੰ ਜਾਰੀ ਰੱਖਿਆ।



*9 ਫਰਵਰੀ, 2021 ਨੂੰ ਨੀਂਹ ਸੰਬੰਧੀ ਕੰਮ*

- **ਮਾਰਚ 2021:** ਦੋ ਕ੍ਰੇਨਾਂ ਪਹੁੰਚੀਆਂ, ਉਸਾਰੀ ਟੀਮ ਨੇ ਜ਼ਮੀਨੀ ਮੰਜ਼ਲ ਦੀ ਛੱਤ ਨੂੰ ਪੂਰਾ ਕਰ ਲਿਆ ਅਤੇ ਪਹਿਲੀ ਮੰਜ਼ਲ ਦੀਆਂ ਕੰਧਾਂ ਦੀ ਉਸਾਰੀ ਕੀਤੀ। Lakeridge Health ਨੇ ਇੱਕ ਖਾਸ Facebook Live Town Hall ਦੀ ਮੇਜ਼ਬਾਨੀ ਕੀਤੀ ਜਿਸ ਵਿੱਚ Durham Region ਦੇ ਕਈ ਨਿਵਾਸੀਆਂ ਨੇ ਘਰ ਦੇ ਵਰਚੁਅਲ "ਸੈਰ" ਕਰਨ ਵਿੱਚ ਹਿੱਸਾ ਲਿਆ।
- **ਅਪ੍ਰੈਲ 2021:** ਹੋਮ ਦੀ ਪਹਿਲੀ ਮੰਜ਼ਲ ਪੂਰੀ ਹੋ ਗਈ।
- **ਮਈ 2021:** ਮਾਡਿਊਲਰ ਅੰਸ਼ (ਘਰ ਦੇ ਉਹ ਹਿੱਸੇ ਜੋ ਸਾਈਟ ਤੋਂ ਦੂਰ ਬਣਾਏ ਗਏ ਸਨ) Ajax ਵਿੱਚ ਪਹੁੰਚਣੇ ਸ਼ੁਰੂ ਹੋ ਗਏ, ਅਤੇ ਦੂਜੀ ਅਤੇ ਤੀਜੀ ਮੰਜ਼ਲ ਨੂੰ ਪੂਰਾ ਕਰ ਲਿਆ ਗਿਆ।
- **2021 ਜੂਨ:** ਚੌਥੀ ਮੰਜ਼ਲ ਮੁਕੰਮਲ ਹੋਣ ਦੀ ਰਾਹ 'ਤੇ ਹੈ ਅਤੇ ਉਸਾਰੀ ਕਰਮਚਾਰੀ ਪੰਜਵੀਂ ਮੰਜ਼ਲ ਅਤੇ ਆਖਰੀ ਛੇਵੀਂ ਮੰਜ਼ਲ 'ਤੇ ਕੰਮ ਸ਼ੁਰੂ ਕਰਨਗੇ।



*19 ਜੂਨ 2021 ਨੂੰ ਚੌਥੀ ਮੰਜ਼ਲ 'ਤੇ ਕੰਮ ਕਰ ਰਹੇ ਉਸਾਰੀ ਕਰਮਚਾਰੀ*

## ਗਰਮੀਆਂ ਵਿੱਚ ਉਸਾਰੀ ਸਰਗਰਮੀਆਂ ਵੱਲ ਇੱਕ ਨਜ਼ਰ

ਗਰਮੀਆਂ ਵਿੱਚ ਉਸਾਰੀ ਦੇ ਕਈ ਮਹੱਤਵਪੂਰਨ ਕੰਮ ਕੀਤੇ ਜਾਣੇ ਹਨ। ਆਉਣ ਵਾਲੇ ਹਫ਼ਤਿਆਂ ਅਤੇ ਮਹੀਨਿਆਂ ਵਿੱਚ, PCL ਕੰਸਟ੍ਰਕਸ਼ਨ ਐਲੀਵੇਟਰ ਦੇ ਬਕਿਸਆਂ ਨੂੰ ਸਥਾਪਤ ਕਰੇਗੀ, ਹੋਮ ਦੀ ਛੱਤ ਅਤੇ ਫ਼ਰਸ਼ ਦਾ ਕੰਮ ਸ਼ੁਰੂ ਕਰੇਗੀ ਅਤੇ ਹੋਮ ਦੇ HVAC ਅਤੇ ਪਾਵਰ ਯੂਨਿਟ ਸਥਾਪਤ ਕਰਨ ਦੀ ਸ਼ੁਰੂਆਤ ਕਰੇਗੀ। ਇੰਨੀਆਂ ਸਾਰੀਆਂ ਸਰਗਰਮੀਆਂ ਚੱਲਣ ਦੇ ਨਾਲ, ਉਸਾਰੀ ਵਾਲੀ ਥਾਂ ਵਿੱਚ ਅਤੇ ਇਸਦੇ ਆਸ-ਪਾਸ ਕੰਮ ਦਾ ਰੁਝੇਵਾਂ ਰਹੇਗਾ। ਕਰਮਚਾਰੀ ਰੋਜ਼ ਦੇ ਕੰਮਕਾਜ਼ ਵਿੱਚ ਸ਼ੋਰ ਸ਼ਰਾਬੇ ਅਤੇ ਆਵਾਜਾਈ ਨੂੰ ਘੱਟ ਤੋਂ ਘੱਟ ਕਰਨ ਲਈ ਸਖਤ ਮਿਹਨਤ ਕਰ ਰਹੇ ਹਨ।

ਹੋਮ ਦੀ ਉਸਾਰੀ ਦੌਰਾਨ, ਇਹ ਮਹੱਤਵਪੂਰਨ ਹੈ ਕਿ ਅਸੀਂ ਸਿੱਧਾ ਤੁਹਾਡੇ - ਆਪਣੇ ਭਾਈਚਾਰੇ ਅਤੇ ਆਪਣੇ ਗੁਆਂਢੀਆਂ - ਦੇ ਵਿਚਾਰ ਸੁਣੀਏ।

ਜੇ ਤੁਹਾਡੇ ਕੋਲ ਘਰ ਦੀ ਉਸਾਰੀ ਸੰਬੰਧੀ ਕੋਈ ਸਵਾਲ ਜਾਂ ਸਰੋਕਾਰ ਹਨ, ਤਾਂ ਕਿਰਪਾ ਕਰਕੇ **AjaxLTC@lh.ca** ਤੇ ਈਮੇਲ ਕਰੋ ਜਾਂ **905 576 8711 ਐਕਸਟੈਨਸ਼ਨ 34167** 'ਤੇ ਕਾਲ ਕਰੋ।

## Ajax Pickering Hospital ਅਤੇ COVID-19 ਮੁਲਾਂਕਣ ਕੇਂਦਰ ਦੀ ਪਾਰਕਿੰਗ ਵਿੱਚ ਤਬਦੀਲੀਆਂ

ਲੰਮੀ ਮਿਆਦ ਦੇ ਕੇਅਰ ਹੋਮ ਦੀ ਉਸਾਰੀ ਵਿੱਚ ਹਸਪਤਾਲ ਦੇ ਮੈਦਾਨ 'ਤੇ ਸਥਿਤ ਅਜਿਹਾ ਨਵਾਂ ਪਾਰਕਿੰਗ ਗਰਾਜ ਸ਼ਾਮਲ ਹੈ ਜਿਸ ਨੂੰ ਨਵੇਂ ਹੋਮ ਅਤੇ Ajax Pickering Hospital ਦੋਵਾਂ ਦੇ ਸਟਾਫ਼, ਮਰੀਜ਼ਾਂ ਅਤੇ ਮੁਲਾਕਾਤੀਆਂ ਦੇ ਵਾਹਨਾਂ ਲਈ ਵਰਤਿਆ ਜਾਵੇਗਾ। ਨਵੇਂ ਪਾਰਕਿੰਗ ਗਰਾਜ ਦੇ ਨਿਰਮਾਣ ਨੂੰ ਜਗ੍ਹਾ ਦੇਣ ਲਈ ਮੌਜੂਦਾ ਪਾਰਕਿੰਗ ਖੇਤਰ ਦੇ ਹਿੱਸੇ ਪੜਾਵਾਂ ਵਿੱਚ ਬੰਦ ਕੀਤੇ ਜਾਣਗੇ।

ਜੂਨ ਤੋਂ ਸ਼ੁਰੂ ਕਰਦੇ ਹੋਏ, ਹਸਪਤਾਲ ਦੇ ਦੱਖਣੀ ਸਿਰੇ 'ਤੇ ਸਥਿਤ ਆਮ ਜਨਤਾ ਲਈ ਭੁਗਤਾਨਸ਼ੁਦਾ ਪਾਰਕਿੰਗ ਅਤੇ COVID-19 ਮੁਲਾਂਕਣ ਕੇਂਦਰ ਦੀ ਪਾਰਕਿੰਗ ਤੱਕ ਪਹੁੰਚ ਦੇ ਰੂਟ ਬਦਲ ਜਾਣਗੇ। ਵਾਹਨ ਉੱਤਰ ਦਿਸ਼ਾ ਤੋਂ Harwood Avenue South ਰਾਹੀਂ ਹਸਪਤਾਲ ਦੇ ਮੈਦਾਨ ਵਿੱਚ ਦਾਖਲ ਹੋਣਾ ਜਾਰੀ ਰੱਖ ਸਕਣਗੇ ਅਤੇ ਮੌਜੂਦਾ Lower East Lot ਵਿਖੇ ਨਵੇਂ ਗੇਟਾਂ ਰਾਹੀਂ ਚੱਕਰ ਕੱਟਣਗੇ। ਨਵੇਂ ਰੂਟਾਂ 'ਤੇ ਨੈਵੀਗੇਟ ਕਰਨ ਵਿੱਚ ਡਰਾਈਵਰਾਂ ਦੀ ਮਦਦ ਕਰਨ ਲਈ ਸਪਸ਼ਟ ਸੇਧਾਂ ਅਤੇ ਸੰਕੇਤ ਲਗਾਏ ਜਾਣਗੇ ਅਤੇ ਇਸ ਕਰਕੇ ਆਉਣ ਵਾਲੇ ਕਿਸੇ ਵੀ ਵਿਅਕਤੀ ਨੂੰ ਹੋਣ ਵਾਲੀ ਅਸੁਵਿਧਾ ਲਈ ਅਸੀਂ ਮਾਫ਼ੀ ਚਾਹੁੰਦੇ ਹਾਂ।



*ਕਲਾਕਾਰ ਦੁਆਰਾ ਹਸਪਤਾਲ ਅਤੇ ਲੰਮੀ ਮਿਆਦ ਦੇ ਦੇਖਭਾਲ ਸਟਾਫ਼, ਵਸਨੀਕਾਂ ਅਤੇ ਮੁਲਾਕਾਤੀਆਂ ਲਈ ਨਵੇਂ 500+ ਕਾਰ ਪਾਰਕਿੰਗ ਗਰਾਜ ਦਾ ਚਿੱਤਰ*

## ਲੰਮੀ ਮਿਆਦ ਦੀ ਦੇਖਭਾਲ ਬਾਰੇ ਅੱਪਡੇਟਾਂ ਲਈ ਸਾਡੀ ਨਿਵਾਸੀ ਈਮੇਲ ਸੂਚੀ ਵਿੱਚ ਸ਼ਾਮਲ ਹੋਵੋ

ਕੀ ਅੱਪਡੇਟਾਂ ਅਤੇ ਇਵੈਂਟ ਸੱਦਿਆਂ ਨੂੰ ਸਿੱਧਾ ਆਪਣੇ ਈਮੇਲ ਇਨਬਾਕਸ ਵਿੱਚ ਪ੍ਰਾਪਤ ਕਰਨਾ ਚਾਹੁੰਦੇ ਹੋ? **ਆਪਣਾ ਨਾਮ ਅਤੇ ਈਮੇਲ ਪਤਾ AjaxLTC@lh.ca 'ਤੇ ਈਮੇਲ ਕਰਕੇ ਸਾਡੀ ਈਮੇਲ ਸੂਚੀ ਵਿੱਚ ਸ਼ਾਮਲ ਹੋਵੋ।**

ਤੁਸੀਂ ਸਾਡੀ ਵੈੱਬਸਾਈਟ l**lakeridgehealth.on.ca** 'ਤੇ ਜਾ ਕੇ ਜਾਂ Twitter ਅਤੇ Facebook 'ਤੇ ਸਾਨੂੰ ਫਾਲੋ ਕਰਕੇ ਵੀ ਨਵੀਨਤਮ ਜਾਣਕਾਰੀ ਲੈਂਦੇ ਰਹਿ ਸਕਦੇ ਹੋ।